**ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,**

**ਜਿਲ੍ਹਾ ਕਚਹਿਰੀਆਂ ਕੰਪਲੈਕਸ, ਐਸ.ਏ.ਐਸ. ਨਗਰ**
**ਫੋਨ ਨੰਬਰ** 0172-2219170

# ਪਬਲਿਕ ਨੋਟਿਸ

**"If You have the zeel in you, we need you"**

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੀ ਸੋਧੀ (Revised) ਪੈਰਾ ਲੀਗਲ ਵਲੰਟੀਅਰ ਸਕੀਮ ਤਹਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਅਤੇ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ-ਖਰੜ ਅਤੇ ਡੇਰਾਬੱਸੀ ਦੇ ਪੈਨਲਾਂ ਤੇ ਸਵੈ-ਇੱਛਾ ਨਾਲ (Voluntarily) ਕੰਮ ਕਰਨ ਦੇ ਚਾਹਵਾਨ, ਜਿਲ੍ਹਾ ਐਸ.ਏ.ਐਸ. ਨਗਰ ਦੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੇ ਪੱਕੇ ਵਸਨੀਕ, ਪੜ੍ਹੇ-ਲਿਖੇ, ਯੋਗ ਅਤੇ ਸਮਾਜ ਸੇਵਾ ਦੀ ਭਾਵਨਾ ਰੱਖਣ ਵਾਲੇ ਵਿਅਕਤੀਆਂ ਵਿੱਚੋਂ ਯੋਗ Para Legal Volunteers ਦੀ ਚੋਣ ਕੀਤੀ ਜਾਣੀ ਹੈ। ਘੱਟੋ-ਘੱਟ ਦਸਵੀਂ (ਪੰਜਾਬੀ ਵਿਸ਼ੇ ਨਾਲ) ਪਾਸ ਜਾਂ ਇਸ ਤੋਂ ਵੱਧ ਪੜ੍ਹੇ-ਲਿਖੇ ਹੇਠ ਦਰਸਾਈਆਂ ਗਈਆਂ ਕੈਟਾਗਰੀਆਂ ਨਾਲ ਸਬੰਧਤ ਅਜਿਹੇ ਵਿਅਕਤੀ ਜੋ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਜਾਂ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ-ਖਰੜ ਅਤੇ ਡੇਰਾਬੱਸੀ ਦੇ ਪੈਨਲਾਂ ਤੇ ਸਵੈ-ਇੱਛਾ ਨਾਲ (Voluntarily) ਬਤੌਰ ਪੈਰਾ ਲੀਗਲ ਵਲੰਟੀਅਰ ਕੰਮ ਕਰਨ ਦੇ ਚਾਹਵਾਨ ਹੋਣ, ਆਪਣੀ ਦਰਖਾਸਤ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਵਿੱਚ ਭਰਕੇ ਸਮੇਤ ਤਾਜ਼ੀਆਂ ਖਿਚਵਾਈਆਂ ਗਈਆਂ ਦੋ ਫੋਟੋਆਂ (ਜਿਨ੍ਹਾਂ ਵਿੱਚੋਂ ਇੱਕ ਦਰਖਾਸਤ ਫਾਰਮ ਤੇ ਨਿਰਧਾਰਤ ਕਾਲਮ ਵਿੱਚ ਚਿਪਕਾਈ ਜਾਵੇ ਅਤੇ ਦੂਜੀ ਅਲੱਗ ਤੋਂ ਨੱਥੀ ਕੀਤੀ ਜਾਵੇ) ਮਿਤੀ 18.11.2025 ਸ਼ਾਮ 5.00 ਵਜੇ ਤੱਕ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜ਼ਮੀਨੀ ਮੰਜ਼ਿਲ, ਏ.ਡੀ.ਆਰ. ਸੈਂਟਰ, ਜਿਲ੍ਹਾ ਕਚਹਿਰੀਆਂ ਕੰਪਲੈਕਸ, ਸੈਕਟਰ 76, ਐਸ.ਏ.ਐਸ. ਨਗਰ ਦੇ ਦਫਤਰ ਵਿੱਚ ਦੇ ਸਕਦੇ ਹਨ :-

**ਹੇਠ ਦਰਸਾਈਆਂ ਸ਼੍ਰੇਣੀਆਂ (Categories) ਨਾਲ ਸਬੰਧਤ ਵਿਅਕਤੀ ਪੈਰਾ ਲੀਗਲ ਵੰਲਟੀਅਰ ਬਣਨ ਲਈ ਦਰਖਾਸਤ ਦੇ ਸਕਦੇ ਹਨ :-**

* Teachers (including retired teachers).
* Retired Government servants and senior citizens.
* M.S.W. students and teachers.
* Anganwadi workers.
* Doctors/Physicians.
* Students & Law Students (till they enrol as lawyers).
* Members of Non-political, service oriented NGOs and Clubs.
* Members of Women Neighbourhood Groups, Maithri Sanghams and other Self Help Groups including of marginalized/vulnerable groups.
* Educated prisoners with good behaviour, serving long term sentences in prisons.
* Any other person who is interested for Social Service.

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਪੈਰਾ ਲੀਗਲ ਵਲੰਟੀਅਰ ਵੱਜੋਂ ਚੁਣੇ ਜਾਣ ਵਾਲੇ ਵਿਅਕਤੀਆਂ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਤ ਕੀਤੇ ਜਾਣ ਵਾਲੇ ਮਾਣ-ਭੱਤੇ (Honorarium) ਤੋਂ ਇਲਾਵਾ ਕਿਸੇ ਕਿਸਮ ਦੀ ਤਨਖਾਹ (Salary) ਜਾਂ ਮਿਹਨਤਾਨੇ (Remuneration) ਜਾਂ ਉਜਰਤਾਂ (Wages) ਦੀ ਅਦਾਇਗੀ ਨਹੀਂ ਕੀਤੀ ਜਾਵੇਗੀ ਅਤੇ ਕੇਵਲ ਕੰਮ ਵਾਲੇ ਦਿਨ ਦੀ ਨਿਯਮਾਂ ਅਨੁਸਾਰ ਬਣਦੀ ਮਾਣ-ਭੱਤੇ

(Honorarium) ਦੀ ਅਦਾਇਗੀ ਕੀਤੀ ਜਾਵੇਗੀ । ਪੈਨਲਾਂ ਲਈ ਚੁਣੇ ਜਾਣ ਵਾਲੇ ਵਿਅਕਤੀਆਂ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਐਸ.ਏ.ਐਸ. ਨਗਰ ਜਾਂ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ-ਖਰੜ ਅਤੇ ਡੇਰਾਬੱਸੀ ਵੱਲੋਂ ਸਮੇਂ-ਸਮੇਂ ਸਿਰ ਲੋੜ ਅਨੁਸਾਰ ਆਯੋਜਿਤ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਵਿੱਚ ਸ਼ਾਮਲ ਕੀਤਾ ਜਾਵੇਗਾ ।

ਵਿਸ਼ੇਸ਼ ਨੋਟ:- (1) ਪੈਰਾ ਲੀਗਲ ਵਲੰਟੀਅਰ ਬਣਨ ਲਈ ਦਰਖਾਸਤ ਦੇਣ ਵਾਲੇ ਉਮੀਦਵਾਰ ਦਾ ਕੋਈ ਸਿਵਲ ਜਾਂ ਫੌਜਦਾਰੀ ਕੇਸ ਜਾਂ ਮਾਮਲਾ ਜਿਲ੍ਹਾ ਕਚਹਿਰੀਆਂ, ਐਸ.ਏ.ਐਸ. ਨਗਰ ਜਾਂ ਸਿਵਲ ਕੋਰਟਸ-ਖਰੜ ਜਾਂ ਡੇਰਾਬੱਸੀ ਦੀ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਲੰਬਤ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਉਮੀਦਵਾਰ ਨੂੰ ਕਿਸੇ ਕੇਸ ਵਿੱਚ ਕਿਸੇ ਨਿਆਂਇਕ ਅਦਾਲਤ ਵੱਲੋਂ ਕਦੇ ਕੋਈ ਸਜ਼ਾ ਸੁਣਾਈ ਗਈ ਹੋਵੇ ।

(2) ਦਰਖਾਸਤ ਫਾਰਮ ਦੀ ਕੇਵਲ Hard Copy ਹੀ ਸਵੀਕਾਰ ਕੀਤੀ ਜਾਵੇਗੀ ਅਤੇ ਈ.ਮੇਲ ਜਾਂ ਕਿਸੇ ਹੋਰ ਮਾਧਿਅਮ ਰਾਹੀਂ ਭੇਜੀ ਗਈ ਦਰਖਾਸਤ ਸਵੀਕਾਰ ਨਹੀਂ ਕੀਤੀ ਜਾਵੇਗੀ।

(3) ਨਿਰਧਾਰਤ ਮਿਤੀ ਤੋਂ ਬਾਅਦ ਪ੍ਰਾਪਤ ਹੋਣ ਵਾਲੀਆਂ ਦਰਖਾਸਤਾਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

(4) ਕਿਸੇ ਕਿਸਮ ਦੀ ਪੁੱਛ-ਗਿੱਛ (query) ਲਈ ਇਸ ਦਫਤਰ ਦੇ ਫੋਨ ਨੰ: 0172-2219170 ਤੇ ਸੰਪਰਕ ਕੀਤਾ ਜਾ ਸਕਦਾ ਹੈ ।

ਸਹੀ/-

ਮਿਤੀ : 14.11.2025

ਚੇਅਰਪਰਸਨ,
ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,
ਐਸ.ਏ.ਐਸ. ਨਗਰ

# ਪੈਰਾ ਲੀਗਲ ਵਲੰਟੀਅਰ ਬਣਨ ਲਈ ਦਰਖਾਸਤ ਦੇਣ ਲਈ ਪ੍ਰੋਫਾਰਮਾ

ਇੱਥੇ ਤਾਜ਼ੀ ਖਿਚਵਾਈ ਗਈ ਫੋਟੋ ਚਿਪਕਾਈ ਜਾਵੇ

1. ਨਾਮ : ____________________

2. ਪਿਤਾ/ਪਤੀ ਦਾ ਨਾਮ : ____________________

3. ਜਨਮ ਦੀ ਮਿਤੀ : ____________________

4. (01.01.2025 ਨੂੰ ਉਮਰ) : ____________________

5. ਕੈਟਾਗਰੀ (General/SC/ST/Minority) : ____________________
(Attach proof)

6. ਘਰ ਦਾ ਪੱਕਾ ਪਤਾ : ____________________
____________________
____________________

7. ਪੱਤਰ ਵਿਹਾਰ ਲਈ ਪਤਾ : ____________________
____________________

8. ਵਿਦਿੱਅਕ ਯੋਗਤਾਵਾਂ (Attach Proof) : ____________________

9. ਕੰਮ ਦਾ ਖੇਤਰ : ____________________

10. ਤਜ਼ਰਬਾ (ਜੇਕਰ ਕੋਈ ਹੋਵੇ) : ____________________

11. ਕਿੱਥੇ ਕੰਮ ਕਰਨ ਦੇ ਇੱਛੁਕ ਹੋ (ਜਿਲ੍ਹਾ ਪੱਧਰ ਤੇ/ਉਪ ਮੰਡਲ ਪੱਧਰ ਤੇ/ ਪਿੰਡ ਪੱਧਰ ਤੇ) : ____________________

12. ਮੋਬਾਇਲ ਨੰਬਰ (Mandatory) : ____________________

13. ਈ.ਮੇਲ ID : ____________________

## ਸਵੈ ਘੋਸ਼ਣਾ

ਮੈਂ ਇਸ਼ਤਿਹਾਰ/ਨੋਟਿਸ ਵਿੱਚ ਦਰਜ ਸਾਰੇ ਨਿਯਮ ਅਤੇ ਸ਼ਰਤਾਂ ਧਿਆਨ ਨਾਲ ਪੜ੍ਹ ਲਈਆਂ ਹਨ ਅਤੇ ਮੈਂ ਇਨ੍ਹਾਂ ਨਿਯਮਾਂ/ਸ਼ਰਤਾਂ ਨਾਲ ਸਹਿਮਤ ਹਾਂ। ਮੈਂ ਇਹ ਵੀ ਬਿਆਨ ਕਰਦਾ ਹਾਂ ਕਿ ਮੇਰਾ ਕੋਈ ਸਿਵਲ ਜਾਂ ਫੌਜਦਾਰੀ ਕੇਸ ਜਾਂ ਮਾਮਲਾ ਜਿਲ੍ਹਾ ਕਚਹਿਰੀਆਂ, ਐਸ.ਏ.ਐਸ. ਨਗਰ ਜਾਂ ਸਿਵਲ ਕੋਰਟਸ-ਖਰੜ ਜਾਂ ਡੇਰਾਬੱਸੀ ਦੀ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਲੰਬਤ ਨਹੀਂ ਹੈ ਅਤੇ ਨਾ ਹੀ ਮੈਨੂੰ ਕਦੇ ਕਿਸੇ ਕੇਸ ਵਿੱਚ ਕਿਸੇ ਨਿਆਂਇਕ ਅਦਾਲਤ ਵੱਲੋਂ ਕੋਈ ਸਜ਼ਾ ਸੁਣਾਈ ਗਈ ਹੈ।

ਮੈਂ ਇਹ ਵੀ ਸਵੈ-ਘੋਸ਼ਣਾ ਕਰਦਾ ਹਾਂ ਕਿ ਮੇਰੇ ਵੱਲੋਂ ਉਪਰੋਕਤ ਦਿੱਤੀ ਗਈ ਜਾਣਕਾਰੀ ਅਤੇ ਸੂਚਨਾ ਮੇਰੀ ਸਮਝ ਅਤੇ ਸੂਝ-ਬੂਝ ਅਨੁਸਾਰ ਸਹੀ ਤੇ ਦਰੁਸਤ ਹੈ ਅਤੇ ਇਸ ਵਿੱਚ ਮੈਂ ਕੋਈ ਗੱਲ ਲੁਕਾ-ਛਿਪਾ ਕੇ ਨਹੀਂ ਰੱਖੀ ਹੈ। ਜੇਕਰ ਮੇਰੇ ਵੱਲੋਂ ਦਿੱਤੀ ਗਈ ਜਾਣਕਾਰੀ ਵਿੱਚ ਕੋਈ ਤੱਥ ਗਲਤ ਪਾਇਆ ਜਾਂਦਾ ਹੈ ਤਾਂ ਮੇਰੀ ਦਰਖਾਸਤ/ਉਮੀਦਵਾਰੀ ਬਿਨਾਂ ਕਿਸੇ ਸੂਚਨਾ ਦੇ ਰੱਦ ਕਰ ਦਿੱਤੀ ਜਾਵੇ ਜਿਸ ਵਿੱਚ ਮੈਨੂੰ ਕੋਈ ਇਤਰਾਜ ਨਹੀਂ ਹੋਵੇਗਾ ।

ਮਿਤੀ : (ਉਮੀਦਵਾਰ ਦੇ ਦਸਤਖਤ)